Punjab Government Gazette

Published by Authority

No. 36] CHANDIGARH, FRIDAY, SEPTEMBER 5, 2025 (BHADRA 14, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ

(ਇਮਾਰਤਾਂ ਅਤੇ ਸੜਕਾਂ-2 ਸ਼ਾਖਾ)

ਹੁਕਮ

ਮਿਤੀ 28 ਅਪ੍ਰੈਲ, 2023

ਨੰ:03/01/2023-3ਇਸ2/979.- ਸ਼੍ਰੀ ਪਵਨ ਕੁਮਾਰ ਗੋਇਲ, ਨਿਗਰਾਨ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ 58 ਸਾਲ ਦੀ ਉਮਰ ਪੂਰੀ ਹੋਣ ਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਭਾਗ-1 ਦੇ ਨਿਯਮ 3.26(ਉ) ਅਧੀਨ ਮਿਤੀ 30.04.2024 (ਬਾਅਦ ਦੁਪਹਿਰ) ਨੂੰ ਸਰਕਾਰੀ ਸੇਵਾ ਤੋਂ ਸੇਵਾ ਨਿਵਿਰਤ (Retire) ਕੀਤਾ ਜਾਂਦਾ ਹੈ।

2. ਅਧਿਕਾਰੀ ਵਿਰੁੱਧ ਜੇਕਰ ਕੋਈ ਕ੍ਰਿਮੀਨਲ ਕੇਸ, ਸਿਵਲ ਕੇਸ, ਵਿਜੀਲੈਂਸ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਦਾ ਕੇਸ ਚਲਦਾ ਹੋਵੇ ਜਾਂ ਅਜਿਹਾ ਕੋਈ ਨਵਾਂ ਮਾਮਲਾ ਧਿਆਨ ਵਿਚ ਆਉਂਦਾ ਹੈ ਤਾਂ ਸਰਕਾਰ ਦੁਆਰਾ ਇਨ੍ਹਾਂ ਹੁਕਮਾਂ ਨੂੰ ਮੁੜ ਵਿਚਾਰਿਆ ਜਾ ਸਕਦਾ ਹੈ ਜਾਂ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਭਾਗ-2 ਦੇ ਨਿਯਮ 2.2 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਅਨੁਰਾਗ ਵਰਮਾ, ਆਈ.ਏ.ਐਸ.

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ।

ਚੰਡੀਗੜ੍ਹ

ਮਿਤੀ 19 ਅਪ੍ਰੈਲ, 2023

3491/9-2025/Pb. Govt. Press, S.A.S. Nagar